BC Cancer Agency
CARE + RESEARCH
An agency of the Provincial Health Services Authority

Psychosocial Oncology

Punjabi

# ਤਜਵੀਜ਼ਸ਼ੁਦਾ ਦਵਾਈਆਂ ਲਈ ਮਾਲੀ ਸਹਾਇਤਾ

# Financial Assistance for Prescription Drugs

ਬੀ.ਸੀ. ਕੈਂਸਰ ਏਜੰਸੀ ਆਮ ਕੀਮੋਥੈਰੇਪੀ, ਮੂੰਹ ਰਾਹੀਂ ਦਿੱਤੀ ਜਾਣ ਵਾਲੀ (ਓਰਲ) ਕੀਮੋਥੈਰੇਪੀ ਅਤੇ ਹਾਰਮੋਨ ਟ੍ਰੀਟਮੈਂਟਾਂ ਦਾ ਖ਼ਰਚਾ ਕਵਰ ਕਰਦੀ ਹੈ। ਪਰ, ਇਨ੍ਹਾਂ ਟ੍ਰੀਟਮੈਂਟਾਂ ਨਾਲ ਜੁੜੇ ਲੱਛਣਾਂ ਨੂੰ ਕਾਬੂ ਕਰਨ ਲਈ ਤੁਹਾਨੂੰ ਤਜਵੀਜ਼ ਕੀਤੀਆਂ ਦਵਾਈਆਂ ਖ਼ਰੀਦਣੀਆਂ ਪੈ ਸਕਦੀਆਂ ਹਨ (ਜਿਵੇਂ ਕਿ ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣੀਆਂ)। ਤਜਵੀਜ਼ ਕੀਤੀਆਂ ਦਵਾਈਆਂ ਤੁਹਾਡੀ ਕਮਿਊਨਿਟੀ ਵਿਚਲੀ ਕਿਸੇ ਵੀ ਫ਼ਾਰਮੇਸੀ ਤੋਂ ਖ਼ਰੀਦੀਆਂ ਜਾ ਸਕਦੀਆਂ ਹਨ। ਅਕਸਰ ਇਹ ਦਵਾਈਆਂ ਟ੍ਰੀਟਮੈਂਟ ਤੋਂ ਪਹਿਲਾਂ ਖ਼ਰੀਦਣੀਆਂ ਪੈਂਦੀਆਂ ਹਨ ਤਾਂ ਕਿ ਜੇਕਰ ਤੁਹਾਡੀ ਕੀਮੋਥੈਰੇਪੀ ਤੋਂ ਪਹਿਲਾਂ ਜਾਂ ਇੱਕਦਮ ਬਾਅਦ ਤੁਹਾਨੂੰ ਇਹ ਦਵਾਈਆਂ ਲੈਣ ਦੀ ਲੋੜ ਪਵੇ ਤਾਂ ਇਹ ਤੁਹਾਡੇ ਕੋਲ ਮੌਜੂਦ ਹੋਣ। ਰੇਡੀਏਸ਼ਨ ਥੈਰੇਪੀ ਲੈ ਰਹੇ ਮਰੀਜ਼ਾਂ ਨੂੰ ਵੀ ਆਪਣੀ ਕਮਿਊਨਿਟੀ ਫ਼ਾਰਮੇਸੀ ਤੋਂ ਲੈਣ ਲਈ ਦਵਾਈਆਂ ਤਜਵੀਜ਼ ਕੀਤੀਆਂ ਜਾ ਸਕਦੀਆਂ ਹਨ।

BC Cancer Agency covers the cost of standard chemotherapy, oral chemotherapy and hormone treatments. You may be required, however, to purchase prescription drugs to control symptoms (e.g. nausea and vomiting) related to these treatments. Prescription medications can be bought at any pharmacy in your community. Often these need to be purchased in advance of treatment so that you have them available to take either prior to your chemotherapy or immediately following. Patients receiving radiation therapy may also be given prescriptions to be filled in a community pharmacy.

ਜੇਕਰ ਤੁਹਾਨੂੰ ਆਪਣੇ ਕੈਂਸਰ ਟ੍ਰੀਟਮੈਂਟ ਨਾਲ ਸੰਬੰਧਤ ਤਜਵੀਜ਼-ਸ਼ੁਦਾ ਦਵਾਈਆਂ ਦੇ ਖ਼ਰਚੇ ਲਈ ਮਾਲੀ ਸਹਾਇਤਾ ਦੀ ਲੋੜ ਹੈ ਤਾਂ ਤੁਹਾਡੇ ਲਈ ਮਦਦ ਮੌਜੂਦ ਹੈ। ਹੇਠ ਲਿਖੇ ਵਿਕਲਪਾਂ ਬਾਰੇ ਵਿਚਾਰ ਕਰੋ:

If you need financial assistance with the cost of prescription drugs related to your cancer treatment, there is help available. Consider all your options.

| | |
|---|---|
| ਹੈਲਥ ਇੰਸ਼ੋਰੈਂਸ ਬੀ.ਸੀ.<br><br>Health Insurance BC<br><br>▪ ਫ਼ੇਅਰ ਫ਼ਾਰਮਾਕੇਅਰ ਪ੍ਰੋਗਰਾਮ<br><br>Fair PharmaCare Program | ਇਹ ਪੱਕਾ ਕਰੋ ਕਿ ਤੁਸੀਂ ਬੀ.ਸੀ. ਦੇ Fair PharmaCare Program (ਫ਼ੇਅਰ ਫ਼ਾਰਮਾਕੇਅਰ ਪ੍ਰੋਗਰਾਮ) ਨਾਲ ਰਜਿਸਟਰਡ ਹੋਵੋ। ਆਪਣੀ ਰਜਿਸਟਰੇਸ਼ਨ ਦਾ ਦਰਜਾ ਦੇਖਣ ਲਈ Fair PharmaCare > Check Registration 'ਤੇ ਜਾਓ (ਤੁਹਾਡੇ ਕੋਲ ਆਪਣਾ ਨਿੱਜੀ ਹੈਲਥ ਨੰਬਰ ਹੋਣਾ ਲਾਜ਼ਮੀ ਹੈ)। ਜੇਕਰ ਤੁਸੀਂ ਰਜਿਸਟਰਡ ਨਹੀਂ ਹੋ ਤਾਂ ਆਨਲਾਈਨ ਜਾਂ ਫ਼ੋਨ ਰਾਹੀਂ ਰਜਿਸਟਰ ਕਰਨਾ ਸਭ ਤੋਂ ਤੇਜ਼ ਤਰੀਕਾ ਹੈ।<br><br>Make sure you are registered for BC's Fair PharmaCare Program. To check your registration status: go online to Fair PharmaCare > Check Registration (you must have a Personal Health Number). If you are not registered, the quickest way to register is online or by telephone.<br><br>ਜੇਕਰ ਪਿਛਲੇ 2 ਸਾਲਾਂ ਵਿੱਚ ਤੁਹਾਡੀ ਆਮਦਨ ਵਿੱਚ 10% ਜਾਂ ਇਸ ਤੋਂ ਵੀ ਜ਼ਿਆਦਾ ਕਮੀ ਆਈ ਹੈ ਤਾਂ Fair PharmaCare ਦੀ ਆਪਣੀ ਮਨਫ਼ੀਯੋਗ ਰਕਮ (ਡਿਡਕਟੀਬਲ) ਘਟਾਉਣ ਲਈ "ਇਨਕਮ ਰੀਵਿਊ" (ਆਮਦਨ ਦੀ ਸਮੀਖਿਆ) ਲਈ ਅਰਜ਼ੀ ਦੇਣ ਬਾਰੇ ਵਿਚਾਰ ਕਰੋ। ਆਨਲਾਈਨ Google > Fair PharmaCare Income Review 'ਤੇ ਜਾਓ।<br><br>If your income has decreased by 10% or more in the past 2 years, consider applying for an Income Review with PharmaCare to reduce your Fair PharmaCare deductible. Go online to Google > Fair PharmaCare Income Review.<br><br>ਜੇਕਰ ਤੁਸੀਂ ਫ਼ੋਨ ਰਾਹੀਂ ਰਜਿਸਟਰ ਕਰਨਾ ਚਾਹੁੰਦੇ ਹੋ ਜਾਂ PharmaCare ਨੁਮਾਇੰਦੇ ਨਾਲ ਗੱਲ ਕਰਨੀ ਚਾਹੁੰਦੇ ਹੋ ਤਾਂ ਫ਼ੋਨ ਕਰੋ: 1-800-663-7100.<br><br>If you would like to register by phone or speak to a PharmaCare representative call: 1-800-663-7100. |
| ▪ ਪਲੈਨ ਪੀ – ਪੈਲੀਏਟਿਵ ਬੈਨਿਫ਼ਿਟਸ ਪ੍ਰੋਗਰਾਮ<br><br>Plan P - Palliative Benefits Program | ਜੇਕਰ ਤੁਸੀਂ ਪਲੈਨ ਪੀ – ਪੈਲੀਏਟਿਵ ਬੈਨਿਫ਼ਿਟਸ ਪ੍ਰੋਗਰਾਮ ਲਈ ਰਜਿਸਟਰ ਹੋਏ ਹੋ ਤਾਂ ਤੁਸੀਂ ਕੁਝ ਵਿਸ਼ੇਸ਼ ਦਵਾਈਆਂ, ਮੈਡੀਕਲ ਸਾਜ਼ੋ-ਸਾਮਾਨ ਅਤੇ ਉਤਪਾਦ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਆਪਣੀ ਸਥਾਨਕ ਫ਼ਾਰਮੇਸੀ ਤੋਂ ਪਤਾ ਕਰੋ।<br><br>If you are registered with Plan P – Palliative Benefits Program you may be eligible for certain medications, medical supplies and products. Check with your local pharmacy. |
| ਐਕਸਟੈਂਡਿਡ ਹੈਲਥ ਬੈਨਿਫ਼ਿਟਸ<br><br>Extended Health Benefits | ਆਪਣੇ ਕੰਮ-ਮਾਲਕ ਜਾਂ ਦੂਜੇ ਪ੍ਰਾਈਵੇਟ ਬੀਮਾ ਪ੍ਰਦਾਤਾ ਤੋਂ ਪਤਾ ਕਰੋ ਕਿ ਕੀ ਤੁਹਾਡੇ ਕੋਲ ਅਜਿਹੀ ਐਕਸਟੈਂਡਿਡ ਹੈਲਥ ਕਵਰੇਜ ਹੈ ਜਿਸ ਵਿੱਚ ਤਜਵੀਜ਼-ਸ਼ੁਦਾ ਦਵਾਈਆਂ ਦੀ ਲਾਗਤ ਸ਼ਾਮਲ ਹੋਵੇ।<br><br>Check with your employer or other private insurer to see whether or not you have extended health coverage that includes the cost of your prescriptions. |
| ਪ੍ਰੋਵਿੰਸ਼ੀਅਲ ਬੈਨਿਫ਼ਿਟ ਪ੍ਰੋਗਰਾਮ<br><br>Provincial Benefit Programs | ਜੇਕਰ Ministry of Social Development (ਮਨਿਸਟਰੀ ਆਫ਼ ਸੋਸ਼ਲ ਡਵੈਲਪਮੈਂਟ – ਸਮਾਜਕ ਵਿਕਾਸ ਮੰਤਰਾਲਾ) ਤੋਂ ਤੁਹਾਨੂੰ ਆਮਦਨ ਵਿੱਚ ਸਹਾਇਤਾ ਜਾਂ ਡਿਸਅਬਿਲਟੀ ਬੈਨਿਫ਼ਿਟ ਮਿਲ ਰਹੇ ਹਨ ਤਾਂ ਕੈਂਸਰ ਲਈ ਤਜਵੀਜ਼ ਕੀਤੀਆਂ ਜਾਣ ਵਾਲੀਆਂ ਸਭ ਤੋਂ ਵੱਧ ਆਮ ਦਵਾਈਆਂ ਦੀ ਲਾਗਤ ਲਈ ਤੁਹਾਨੂੰ ਕਵਰੇਜ ਮਿਲੇਗੀ। ਪਰ, ਵਧੇਰੇ ਬੈਨਿਫ਼ਿਟ ਜਾਂ ਸ਼ਰਤਾਂ ਲਈ ਤੁਹਾਨੂੰ ਜਾਣਕਾਰੀ ਹਾਸਲ ਕਰਨੀ ਪੈ ਸਕਦੀ ਹੈ। Ministry of Social Development and Social Development ਨੂੰ 1-866-866-0800 'ਤੇ ਫ਼ੋਨ ਕਰੋ।<br><br>If you are receiving income assistance or disability benefits through Ministry of Social Development and Social Innovation most generic cancer-related prescription medications are covered. However, you may want to check for any additional benefits |

| | |
|---|---|
| | or requirements. Contact the Ministry of Social Development at 1-866-866-0800. |
| ਕਨੇਡੀਅਨ ਕੈਂਸਰ ਸੋਸਾਇਟੀ ਫ਼ਾਇਨਾਂਸ਼ੀਅਲ ਡਰੱਗ ਸੱਪੋਰਟ ਪ੍ਰੋਗਰਾਮ<br><br>Canadian Cancer Society Financial Drug Support Program | ਜੇਕਰ ਤੁਹਾਡੀ ਆਮਦਨ ਘੱਟ ਹੈ ਤਾਂ ਦਵਾਈਆਂ ਦੇ ਖ਼ਰਚੇ ਵਿੱਚ ਮਦਦ ਲਈ ਤੁਸੀਂ Canadian Cancer Society Financial Drug Support Program (ਕਨੇਡੀਅਨ ਕੈਂਸਰ ਸੋਸਾਇਟੀ ਫ਼ਾਇਨਾਂਸ਼ੀਅਲ ਡਰੱਗ ਸੱਪੋਰਟ ਪ੍ਰੋਗਰਾਮ) ਤੋਂ ਰਿਆਇਤ ਵਾਸਤੇ ਅਰਜ਼ੀ ਦੇ ਸਕਦੇ ਹੋ। ਵਧੇਰੇ ਜਾਣਕਾਰੀ ਲਈ ਕੈਂਸਰ ਇਨਫ਼ਾਰਮੇਸ਼ਨ ਸਰਵਿਸ ਨੂੰ 1-888-939-3333 'ਤੇ ਫ਼ੋਨ ਕਰੋ ਜਾਂ ਕਨੇਡੀਅਨ ਕੈਂਸਰ ਸੋਸਾਇਟੀ ਦੀ ਵੈੱਬਸਾਈਟ 'ਤੇ ਜਾਓ: www.cancer.ca > support & services > financial help<br><br>You may apply for a subsidy from the Canadian Cancer Society Financial Drug Support Program to assist with medication costs if you have low income. For more information, call the Cancer Information Service at 1-888-939-3333 or go to the Canadian Cancer Society website: www.cancer.ca > support & services > financial help. |
| ਮਰੀਜ਼ ਅਤੇ ਪਰਿਵਾਰ ਲਈ ਕਾਊਂਸਲਿੰਗ ਸੇਵਾਵਾਂ<br><br>Patient & Family Counselling Services<br><br><br><br>ਵਸੀਲੇ<br><br>Resources | ਜੇਕਰ ਤੁਹਾਨੂੰ ਪ੍ਰੋਗਰਾਮਾਂ ਸੰਬੰਧੀ ਆਪਣੀ ਯੋਗਤਾ ਬਾਰੇ ਪਤਾ ਨਹੀਂ ਹੈ ਜਾਂ ਜੇਕਰ ਤੁਹਾਨੂੰ ਫ਼ੌਰੀ ਤੌਰ 'ਤੇ ਮਾਲੀ ਇਮਦਾਦ ਚਾਹੀਦੀ ਹੈ ਤਾਂ ਆਪਣੇ ਕੈਂਸਰ ਸੈਂਟਰ ਵਿਖੇ Patient & Family Counselling Services (ਮਰੀਜ਼ ਅਤੇ ਪਰਿਵਾਰ ਲਈ ਕਾਊਂਸਲਿੰਗ ਸੇਵਾਵਾਂ) ਨੂੰ ਫ਼ੋਨ ਕਰੋ ਅਤੇ ਕਿਸੇ ਕਾਊਂਸਲਰ ਨਾਲ ਅਪੌਇੰਟਮੈਂਟ ਬਣਾਓ।<br><br>If you are not sure about eligibility for programs or you have an urgent financial need, call your Cancer Centre's Patient & Family Counselling Services to make an appointment with a counsellor.<br><br>Financial Information for Cancer Patients (ਕੈਂਸਰ ਦੇ ਮਰੀਜ਼ਾਂ ਲਈ ਮਾਲੀ ਜਾਣਕਾਰੀ) (ਅੰਗਰੇਜ਼ੀ) ਪਰਚਾ ਪੇਸ਼ੈਂਟ ਐਂਡ ਫ਼ੈਮਲੀ ਕਾਊਂਸਲਿੰਗ ਸਰਵਿਸਿਜ਼ ਐਂਡ ਕੈਂਸਰ ਇਨਫ਼ਾਰਮੇਸ਼ਨ ਸੈਂਟਰਾਂ ਵਿਖੇ ਉਪਲਬਧ ਹੈ। ਮਾਲੀ ਅਤੇ ਸੇਵਾਵਾਂ ਸੰਬੰਧੀ ਜਾਣਕਾਰੀ ਵੀਡਿਓ ਦੇ ਰੂਪ ਵਿੱਚ ਦੇਖੀ, ਡਾਊਨਲੋਡ ਜਾਂ ਬੁੱਕਸਟੋਰ ਤੋਂ ਖ਼ਰੀਦੀ ਜਾ ਸਕਦੀ ਹੈ। ਸਾਡੀ ਵੈੱਬਸਾਈਟ 'ਤੇ ਜਾਓ www.bccancer.ca - Coping with Cancer - Practical Support – Resources<br><br>The Financial Information for Cancer Patients (English) pamphlet is available in print at Patient & Family Counselling Services and Cancer Information Centres. Financial and service information can also be viewed in video form, downloaded or purchased from the bookstore see our website www.bccancer.ca - Coping with Cancer - Practical Support – Resources. |

Psychosocial Oncology, Translated: 2016/04/18